भारतीय गैर न्यायिक

एक सौ रुपये Rs. 100

रु. 100 ONE HUNDRED RUPEES

सत्यमेव जयते

भारत INDIA

INDIA NON JUDICIAL

ਪੰਜਾਬ पंजाब PUNJAB

AE 699787

## ਸਹਿਮਤੀ ਪੱਤਰ

ਇਹ ਸਹਿਮਤੀ ਪੱਤਰ ਅੱਜ ਮਿਤੀ 17-06-2019 ਨੂੰ ਖਰੜ, ਵਿਖੇ ਪਹਿਲੀ ਧਿਰ ਵੱਲੋਂ ਦੂਜੀ ਧਿਰ ਦੇ ਹੱਕ ਵਿੱਚ ਆਪਣੀ ਰਜਾਮੰਦੀ ਨਾਲ ਜਾਰੀ ਕੀਤਾ ਗਿਆ ਹੈ:-

1. **ਸ਼੍ਰੀ ਜਸਵੰਤ ਸਿੰਘ ਪੁੱਤਰ ਸ਼੍ਰੀ ਹਰਦੇਵ ਸਿੰਘ ਪੁੱਤਰ ਸ਼੍ਰੀ ਜਗੀਰ ਸਿੰਘ ਪੁੱਤਰ ਸ੍ਰੀ ਬਚਨ ਸਿੰਘ 1/4 ਹਿੱਸਾ ਵਾ ਸ਼੍ਰੀ ਸਤਨਾਮ ਸਿੰਘ ਪੁੱਤਰ ਸ਼੍ਰੀ ਹਰਦੇਵ ਸਿੰਘ ਪੁੱਤਰ ਸ਼੍ਰੀ ਜਗੀਰ ਸਿੰਘ ਪੁੱਤਰ ਸ੍ਰੀ ਬਚਨ ਸਿੰਘ 1/4 ਹਿੱਸਾ ਵਾ ਸ੍ਰੀ ਗੁਰਪ੍ਰੀਤ ਸਿੰਘ ਪੁੱਤਰ ਲੇਟ ਸ੍ਰੀ ਗੁਰਚਰਨ ਸਿੰਘ ਪੁੱਤਰ ਸ਼੍ਰੀ ਜਗੀਰ ਸਿੰਘ ਪੁੱਤਰ ਸ੍ਰੀ ਬਦਨ ਸਿੰਘ 1/6 ਹਿੱਸਾ ਵਾ (1/12 ਹਿੱਸਾ ਜੋ ਕਰਨੈਲ ਕੌਰ ਵਿਧਵਾ ਗੁਰਚਰਨ ਸਿੰਘ ਦੀ ਵਰਾਸਤ ਵਿੱਚੋ ਆਵੇਗਾ। ) ਵਾ ਸ੍ਰੀ ਨਿਰਪਾਲ ਸਿੰਘ ਪੁੱਤਰ ਲੇਟ ਸ੍ਰੀ ਗੁਰਚਰਨ ਸਿੰਘ ਪੁੱਤਰ ਸ਼੍ਰੀ ਜਗੀਰ ਸਿੰਘ ਪੁੱਤਰ ਸ੍ਰੀ ਬਦਨ ਸਿੰਘ 1/6 ਹਿੱਸਾ ਵਾ (1/12 ਹਿੱਸਾ ਜੋ ਕਰਨੈਲ ਕੌਰ ਵਿਧਵਾ ਗੁਰਚਰਨ ਸਿੰਘ ਦੀ ਵਰਾਸਤ ਵਿੱਚੋ ਆਵੇਗਾ। ) ਵਾਸੀਆਨ, ਪਿੰਡ ਬਡਾਲੀ, ਤਹਿਸੀਲ ਖਰੜ, ਜਿਲ੍ਹਾ ਸਾਹਿਬਜਾਦਾ ਅਜੀਤ ਸਿੰਘ ਨਗਰ (ਮੋਹਾਲੀ)** (ਜਿਸਨੂੰ ਇਸ ਪਿਛੋਂ ਪਹਿਲੀ ਧਿਰ ਕਿਹਾ ਗਿਆ ਹੈ, ਜਿਸ ਪ੍ਰਸੰਗ ਵਿੱਚ ਉਸ ਦੇ ਵਾਰਸਾ, ਕਾਨੂੰਨੀ ਪ੍ਰਤੀਨਿਧੀ ਅਤੇ ਪ੍ਰਸ਼ਾਸਕ ਸ਼ਾਮਲ ਸਮਝੇ ਜਾਣਗੇ।)

Gurpreet Singh

ਅਤੇ

2\. ਮੈਸਰਜ ਉਮੇਗਾ ਇਨਫਰਾ ਐਸਟੇਟਸ ਪ੍ਰਾਈਵੇਟ ਲਿਮਟਿਡ ਰਜਿਸਟਰਡ ਦਫਤਰ ਦੇਸੂਮਾਜਰਾ ਤਹਿਸੀਲ ਖਰੜ ਜਿਲਾ ਸਾਹਿਬਜਾਦਾ ਅਜੀਤ ਸਿੰਘ ਨਗਰ ਮਾਰਫਤ ਸ੍ਰੀ ਅਮਰਿਤਪਾਲ ਸਿੰਘ ਪੁਤਰ ਸ੍ਰੀ ਗੁਲਜਾਰ ਸਿੰਘ ਵਸਨੀਕ ਮਕਾਨ ਨੰਬਰ 154 ਬੀ, ਸੰਨੀ ਇਨਕਲੇਵ ਦੇਸੂਮਾਜਰਾ ਤਹਿਸੀਲ ਖਰੜ ਜਿਲਾ ਸਾਹਿਬਜਾਦਾ ਅਜੀਤ ਸਿੰਘ ਨਗਰ (ਜਿਸਨੂੰ ਇਸ ਪਿਛੋਂ ਦੂਜੀ ਧਿਰ ਕਿਹਾ ਗਿਆ ਹੈ, ਜਿਸ ਪ੍ਰਸੰਗ ਵਿੱਚ ਉਸ ਦੇ ਵਾਰਸਾ, ਕਾਨੂੰਨੀ ਪ੍ਰਤੀਨਿਧੀ ਅਤੇ ਸਾਮਲ ਸਮਝੇ ਜਾਣਗੇ।)

ਇਹ ਕਿ ਪਹਿਲੀ ਧਿਰ ਨੇ ਆਪਣੀ ਮਲਕੀਅਤੀ ਵਾ ਕਬਜੇ ਵਾਲੀ ਹਿੱਸੇ ਦੀ ਜਾਇਦਾਦ/ਜਮੀਨ, ਮੁਤਾਬਿਕ ਵਾ ਖਸਰਾ ਨੰਬਰ: 694 (4-11) , 695 (3-5), 696 (3-1), 697 (2-4), 698 (4-16) ਕਿੱਤੇ 5 ਰਕਬਾ 17 ਬਿੱਘੇ 17 ਬਿਸਵੇ ਵਾਕਿਆ ਰਕਬਾ ਪਿੰਡ ਖਾਨਪੁਰ ਹਦਬੱਸਤ ਨੰਬਰ:-183, ਤਹਿਸੀਲ ਖਰੜ, ਜਿਲਾ ਸਾਹਿਬਜਾਦਾ ਅਜੀਤ ਸਿੰਘ ਨਗਰ (ਮੋਹਾਲੀ) ਵਿਖੇ ਸਥਿਤ ਹੈ। ਇਹ ਅੰਦਰੂ ਹਦੂਦ ਮਿਊਸਪਲ ਕਮੇਟੀ ਖਰੜ, ਤਹਿਸੀਲ ਖਰੜ, ਜਿਲਾ ਸਾਹਿਬਜਾਦਾ ਅਜੀਤ ਸਿੰਘ ਨਗਰ (ਮੋਹਾਲੀ) ਵਿੱਚ ਸਥਿਤ ਹੈ। ਜੋ ਕਿ ਹਰ ਕਿਸਮ ਦੇ ਭਾਰ ਤੋਂ ਮੁਕਤ ਹੈ।

1 ਸਾਡੇ ਵੱਲੋਂ ਸਹਿਮਤੀ ਪੱਤਰ ਦਿੱਤਾ ਜਾਂਦਾ ਹੈ ਕਿ ਉਪਰ ਲਿਖਿਤ ਪਾਰਟੀ ਪਰੀ ਤਰਾਂ ਨਾਲ ਜਮੀਨ ਨਾਲ ਸਬੰਧਿਤ ਹਰ ਮਾਮਲੇ ਨੂੰ ਨਜਿਠੇਗੀ ਅਤੇ ਸਾਡਾ ਉਸ ਵਿੱਚ ਕੋਈ ਲੈਣ ਦੇਣ ਨਹੀਂ ਹੋਵੇਗਾ।

2 ਇਥੇ ਜਿਸ ਜਮੀਨ ਦਾ ਜਿਕਰ ਹੋਇਆ ਹੈ, ਅੱਜ ਤੱਕ ਅਸੀਂ ਉਸ ਜਮੀਨ ਦਾ ਹੋਲੀ ਸੋਲੀ ਮਾਲਿਕ ਹਾਂ ਅਸੀਂ ਹੀ ਪੂਰੀ ਤਰਾਂ ਇਸ ਦੇ ਮਾਲਿਕ ਹਾਂ।

3 ਇਹ ਕਿ ਜਮੀਨ ਪਿਛਲੇ 30 ਸਾਲਾਂ ਤੋਂ ਕਿਸੇ ਵੀ ਝਗੜੇ ਜਾਂ ਲੈਣ ਦੇਣ ਤੋਂ ਮੁਕਤ ਹੈ।

4 ਇਸ ਜਮੀਨ ਨਾਲ ਸਬੰਧਤ ਕੋਈ ਵੀ ਸਿਵਿਲ ਜਾਂ ਕਰਿਮਿਨਲ ਕੇਸ ਕਿਸੇ ਵੀ ਅਦਾਲਤ ਵਿੱਚ ਨਹੀਂ ਚਲ ਰਿਹਾ ਹੈ।

5 ਇਹ ਸਹਿਮਤੀ ਪੱਤਰ ਸਿਰਫ ਵਰਤਮਾਨ ਮਾਲਿਕ ਵੱਲੋਂ ਨਹੀਂ ਬਲਿਕ ਸਾਡੇ ਸਾਰੇ ਵਾਰਸਾਂ ਵੱਲੋ ਵੀ ਦਿੱਤਾ ਜਾਂਦਾ ਹੈ।

6 ਇਸ ਜਮੀਨ ਉੱਤੇ ਕਿਸੇ ਵੀ ਕਿਸਮ ਦਾ ਕੋਈ ਵੀ ਦਾਵਾ ਨਹੀਂ ਹੈ।

7 ਇਸ ਸਹਿਮਤੀ ਪੱਤਰ ਨਾਲ ਅਸੀਂ ਸਾਰੇ ਜਰੂਰੀ ਕਾਗਜਾਤ ਸਬੂਤ ਦੇ ਤੌਰ ਤੇ ਨਥੀਂ ਕਰ ਰਹੇ ਹਾਂ ਜਿਵੇ ਕਿ ਜੇਰਕਰ ਜਮਾਂਬੰਦੀ ਸਾਲ ....................

8 ਸਹਿਮਤੀ ਪੱਤਰ ਨਾਲ ਖਰੀਦਣ ਵਾਲੇ ਨੂੰ ਕਲੋਨੀ, ਮਕਾਨ, ਅਪਾਰਮੈਂਟ ਬਣਾਉਣ ਦੀ ਇਜਾਜਤ ਦਿੰਦਾ ਹੈ ਜੋ ਕਿ ਅਪਰੂਵਡ ਲੈ ਆਉਣ ਪਲੈਨ ਦੇ ਹਿਸਾਬ ਨਾਲ ਸਹੀਂ ਹੋਵੇ। ਉਪਰ ਲਿਖਿਤ ਪਾਰਟੀ ਪਲਾਟ ਬੁਕਿੰਗ, ਅੱਗੇ ਖਰੀਦਦਾਰ ਨਾਲ ਐਗਰੀਮੈਂਟ ਬਣਾਉਣਾ, ਬੁਕਿੰਗ ਅਮਾਉਂਟ ਲੈ ਸਕਦੇ ਹਨ। ਜੋ ਕਿ ਪੰਜਾਬ ਅਪਾਰਟਮੈਂਟ ਅਤੇ ਪ੍ਰੋਪਰਟੀ ਰੈਗੁਲੇਸ਼ਨ ਐਕਟ 1995 ਦੇ ਰੂਲਜ ਦੇ ਹਿਸਾਬ ਨਾਲ ਸਹੀਂ ਹੋਣਾ ਹੈ। ਪਰ ਇਹ ਗੱਲ ਵੀ ਧਿਆਨ ਰੱਖਣ ਯੋਗ ਹੈਕਿ ਜਦੋਂ ਤੱਕ ਅਸੀਂ ਉਪਰ ਲਿਖਿਤ ਪਾਰਟੀ ਦੇ ਨਾਮ ਤੇ ਜਮੀਨ ਦੀ ਰਜਿਸਟਰੀ ਨਹੀਂ ਕਰਵਾਉਂਦੇ ਤਦੋ ਤੱਕ ਸਬੰਧਿਤ ਪਾਰਟੀ ਅੱਗੇ ਰਜਿਸਟਰੀ ਨਹੀਂ ਕਰਵਾ ਸਕਦੀ।

9 ਇਸ ਸਹਿਮਤੀ ਪੱਤਰ ਵਿੱਚ ਅਸੀਂ ਇਸ ਜਮੀਨ ਨਾਲ ਸਬੰਧਤ ਸਾਰੀ ਜਾਣਕਾਰੀ ਦਿੱਤੀ ਹੈ ਅਤੇ ਕੁਝ ਵੀ ਛੁਪਾਉਣ ਦਾ ਯਤਨ ਨਹੀਂ ਕੀਤਾ ਗਿਆ।

10 ਇਸ ਸਹਿਮਤੀ ਪੱਤਰ ਨਾਲ ਅਸੀਂ ਵਕੀਲ ਵੱਲੋਂ ਜਾਰੀ ਕੀਤਾ ਸਰਟੀਫਿਕੇਟ ਵੀ ਨੱਥੀ ਕੀਤਾ ਹੈ ਜੋ ਉਸ ਨੇ ਰੈਵਨਿਊ ਰਿਕਾਰਡ ਅਤੇ ਸਬ ਰਜਿਸਟਰਾਰ ਦਾ ਪਿਛਲੇ 30 ਸਾਲਾ ਦਾ ਰਿਕਾਰਡ ਚੈਕ ਕਰਨ ਤੋ ਬਾਅਦ ਇਸ਼ੂ ਕੀਤਾ ਹੈ।

Satnam Singh Gurpreet Singh

11 ਇਸ ਸਹਿਮਤੀ ਪੱਤਰ ਦੇ ਰਾਹੀਂ ਅਸੀਂ ਇਹ ਜਿਮੇਵਾਰੀ ਲੈਂਦੇ ਹਾਂ ਕਿ ਅਗਰ ਭਵਿੱਚ ਵਿੱਚ ਸਾਡੇ ਅਤੇ ਉਪਰ ਲਿਖਿਤ ਪਾਰਟੀ ਵਿੱਚ ਵਿੱਚ ਜੇਕਰ ਸਾਡੀ ਕੀਤੀ ਗਲਤ ਬਿਆਨਬਾਜੀ ਕਾਰਣ ਕੋਈ ਨੁਕਸਾਨ ਹੁੰਦਾ ਹੈ ਤਾਂ ਖਰੀਦਣ ਵਾਲੇ ਦਾ ਅਸੀਂ ਜਿਮੇਵਾਰ ਹੋਵਾਂਗੇ।

12 ਇਸ ਸਹਿਮਤੀ ਪੱਤਰ ਰਾਹੀਂ ਅਸੀਂ ਇਹ ਵਾਅਦਾ ਕਰਦੇ ਹਾਂ ਕਿ ਭਵਿੱਖ ਵਿੱਚ ਇਸ ਜਮੀਨ ਤੇ ਬਣਨ ਵਾਲੇ ਮਕਾਨ ਜਾਂ ਪਲਾਟ ਦਾ ਸਾਡੇ ਉਪਰ ਝਗੜੇ ਕਾਰਨ ਕੋਈ ਵੀ ਨੁਕਸਾਨ ਹੁੰਦਾ ਹੈ ਤਾਂ ਉਸਦੀ ਜਿਮੇਵਾਰੀ ਖਰੀਦਦਾਰ ਲੈਂਦੇ ਹਾਂ। ਉਹ ਝਗੜਾ ਜਮੀਨ ਦੀ ਵਰਤੋਂ ਸਬੰਧੀ ਸੜਕਾਂ ਬਣਾਉਣ ਨੂੰ ਲੈ ਕੇ, ਉਪਨ ਏਰੀਆਂ ਜਾਂ ਫਿਰ ਕੋਈ ਵੀ ਹੋਰ ਕੌਮਨ ਫੈਸਲਿਟੀਜ ਨੂੰ ਲੈ ਕੇ ਹੋ ਸਕਦਾ ਹੈ।

13 ਇਹ ਸਹਿਮਤੀ ਪੱਤਰ ਉਦੋ ਹੀ ਪ੍ਰਵਾਨ ਹੋਣਗੇ ਜੇਕਰ ਸਾਰੇ ਖੇਵਟ ਨੰਬਰ ਇਸ ਵਿੱਚ ਹੋਣ ਅਗਰ ਅਧੂਰੇ ਖੇਵਟ ਨੰਬਰ ਦਿੱਤੇ ਜਾਂਦੇ ਹਨ ਤਾਂ ਤਕਸੀਮ ਹੋਣ ਤੋਂ ਬਾਅਦ ( ਜੋ ਕਿ ਕੰਪੀਟੈਂਟ ਰੈਵਨਿਉ ਅਥਾਰਟੀ ਵੱਲੋਂ ਹੋਈ ਹੋਵੇ) ਤੋਂ ਬਾਅਦ ਹੀ ਪ੍ਰਵਾਨਗੀ ਦਿੱਤੀ ਜਾਵੇ। ਜੇਕਰ ਸਾਰੇ ਮਾਲਿਕ ਇਕੱਠੇ ਇਸ ਜਮੀਨ ਦੇ ਖੇਵਟ ਨੰਬਰਾਂ ਦਾ ਸਹਿਮਤੀ ਪੱਤਰ ਦਿੰਦੇ ਹਨ ਤਾਂ ਉਸ ਨੂੰ ਪ੍ਰਵਾਨ ਕੀਤਾ ਜਾਵੇ।

14 ਅਗਰ ਬਾਅਦ ਵਿੱਚ ਕਦੇ ਵੀ ਇਹ ਗੱਲ ਸਾਹਮਣੇ ਆਉਦੀ ਹੈ ਕਿ ਸਾਡੇ ਵੱਲੋਂ ਸਹਿਮਤੀ ਪੱਤਰ ਵਿੱਚ ਦਿੱਤੀ ਜਾਣਕਾਰੀ ਜਾਂ ਕਾਗਜਾਤ ਦਰੁਸਤ ਨਹੀਂ ਹਨ ਤਾਂ ਅਸੀਂ ਉਪਰੋਕਤ ਪਾਰਟੀ ਅਤੇ ਉਸ ਜਗਾ ਤੇ ਰਹਿਣ ਵਾਲੇ ਲੋਕਾਂ ਦੇ ਨੁਕਸਾਨ ਦੀ ਭਰਪਾਈ ਕਰਨ ਦੀ ਜਿਮੇਵਾਰੀ ਲੈਂਦੇ ਹਾਂ।

15 ਅਸੀਂ ਇਸ ਲਈ ਵੀ ਸਹਿਮਤ ਹਾਂ ਕਿ PUDA,MC ਜਾ ਕੋਈ ਹੋਰ ਕੰਪੀਟੈਂਟ ਅਥਾਰਟੀ ਜਿਸ ਨੂੰ ਸਾਡੀ ਇਸ ਡੀਡ ਨਾਲ ਕੋਈ ਨੁਕਸਾਨ ਪਹੁੰਚਦਾ ਹੈ ਦਾ ਪੂਰਾ ਬਚਾਵ ਕਰਾਂਗੇ।

ਸ਼੍ਰੀ ਜਸਵੰਤ ਸਿੰਘ ਪਹਿਲੀ ਧਿਰ :

ਗਵਾਹ :

ਹਰਦੇਵ ਸਿੰਘ

ਸ਼੍ਰੀ ਸਤਨਾਮ ਸਿੰਘ ਪਹਿਲੀ ਧਿਰ

ਗਵਾਹ:

ਸ਼੍ਰੀ ਗੁਰਪ੍ਰੀਤ ਸਿੰਘ ਪਹਿਲੀ ਧਿਰ

ਗਵਾਹ

ਸ਼੍ਰੀ ਨਿਰਪਾਲ ਸਿੰਘ ਪਹਿਲੀ ਧਿਰ

For Omega Infra Estates Pvt. Ltd.

ਦੂਜੀ ਧਿਰ:
Managing Director

# ਬਾਰ ਸਬੰਧੀ ਸਰਟੀਫਿਕੇਟ

ਸ਼੍ਰੀ ਜਸਵੰਤ ਸਿੰਘ ਪੁੱਤਰ ਸ਼੍ਰੀ ਹਰਦੇਵ ਸਿੰਘ ਪੁੱਤਰ ਸ਼੍ਰੀ ਜਗੀਰ ਸਿੰਘ 1/4 ਹਿੱਸਾ ਵਾ ਸ਼੍ਰੀ ਸਤਨਾਮ ਸਿੰਘ ਪੁੱਤਰ ਸ਼੍ਰੀ ਹਰਦੇਵ ਸਿੰਘ ਪੁੱਤਰ ਸ਼੍ਰੀ ਜਗੀਰ ਸਿੰਘ 1/4 ਹਿੱਸਾ ਵਾ ਸ਼੍ਰੀ ਗੁਰਪ੍ਰੀਤ ਸਿੰਘ ਪੁੱਤਰ ਲੇਟ ਸ੍ਰੀ ਗੁਰਚਰਨ ਸਿੰਘ ਪੁੱਤਰ ਸ਼੍ਰੀ ਜਗੀਰ ਸਿੰਘ 1/6 ਹਿੱਸਾ ਵਾ ਸ਼੍ਰੀ ਕਰਨੈਲ ਕੌਰ ਵਿਧਵਾ ਗੁਰਚਰਨ ਸਿੰਘ 1/6 ਹਿੱਸਾ ਵਾ ਸ਼੍ਰੀ ਨਿਰਪਾਲ ਸਿੰਘ ਪੁੱਤਰ ਲੇਟ ਸ੍ਰੀ ਗੁਰਚਰਨ ਸਿੰਘ 1/6 ਹਿੱਸਾ ਵਾਸੀਆਨ ਵਾ ਖੇਵਟਦਾਰ ਖਾਨਪੁਰ ਤਹਿਸੀਲ ਖਰੜ, ਜਿਲ੍ਹਾ ਸਾਹਿਬਜਾਦਾ ਅਜੀਤ ਸਿੰਘ ਨਗਰ (ਮੋਹਾਲੀ) ਦੀ ਨਿਮਨ ਲਿਖਤ ਜਾਇਦਾਦ ਦੇ ਪਹਿਲੇ ਬਾਰ ਅਤੇ ਤਬਦੀਲੀਆਂ ਸਬੰਧੀ ਸਰਟੀਫਿਕੇਟ:-

ਇਹ ਕਿ ਜਾਇਦਾਦ/ਜਮੀਨ, ਮੁਤਾਬਿਕ ਖੇਵਟ ਨੰ 287/292 ਵਾ ਖਸਰਾ ਨੰਬਰ: 694 (4-11) , 695 (3-5), 696 (3-1), 697 (2-4), 698 (4-16) ਕਿੱਤੇ 5 ਰਕਬਾ 17 ਬਿੱਘੇ 17 ਬਿਸਵੇ ਵਾਕਿਆ ਰਕਬਾ ਪਿੰਡ ਖਾਨਪੁਰ ਹਦਬੱਸਤ ਨੰਬਰ:-183, ਤਹਿਸੀਲ ਖਰੜ, ਜਿਲਾ ਸਾਹਿਬਜਾਦਾ ਅਜੀਤ ਸਿੰਘ ਨਗਰ (ਮੋਹਾਲੀ) ਵਿਖੇ ਸਥਿਤ ਹੈ। ਇਹ ਅਰਾਜੀ ਅੰਦਰੂ ਹਦੂਦ ਮਿਊਸਪਲ ਕਮੇਟੀ ਖਰੜ, ਤਹਿਸੀਲ ਖਰੜ, ਜਿਲਾ ਸਾਹਿਬਜਾਦਾ ਅਜੀਤ ਸਿੰਘ ਨਗਰ (ਮੋਹਾਲੀ) ਵਿੱਚ ਸਥਿਤ ਹੈ।

ਇਹ ਕਿ ਜਾਇਦਾਦ ਪ੍ਰਾਰਥੀ ਵੱਲੋਂ ਦਿੱਤੇ ਗਏ ਬਿਆਨ/ਘੋਸ਼ਣਾ ਪੱਤਰ ਦੇ ਅਧਾਰ ਤੇ ਮਿਤੀ 01-04-2005 ਤੋਂ 18-06-2019 ਤੱਕ ਭਾਰ ਮੁਕਤ ਹੈ।

ਇਸ ਜਾਇਦਾਦ ਸਬੰਧੀ ਭਾਰ ਰਹਿਤ ਪਟਵਾਰੀ ਹਲਕਾ ਵੱਲੋਂ ਰਿਕਾਰਡ ਦੀ ਪੜਤਾਲ ਕਰਨ ਉਪਰੰਤ ਰਿਪੋਰਟ ਨਹੀਂ ਦਿੱਤੀ। ਇਹ ਸਰਟੀਫਿਕੇਟ ਪ੍ਰਾਰਥੀ ਵੱਲੋ ਦਿੱਤੇ ਗਏ ਹਲਫ਼ੀਆ ਬਿਆਨ/ਘੋਸ਼ਣਾ ਪੱਤਰ ਦੇ ਆਧਾਰ ਤੇ ਜਾਰੀ ਕੀਤਾ ਜਾਂਦਾ ਹੈ। ਇਸ ਦਫਤਰ ਦੀ ਉਕਤ ਜਾਇਦਾਦ ਦੀ ਮਾਲਕੀ/ਕਬਜੇ/ਭਾਰ ਸਬੰਧੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ ਸਬੰਧਿਤ ਮਹਿਕਮਾ/ਬੈਂਕ ਲੋਨ ਦੇਣ ਤੋਂ ਪਹਿਲਾ ਨਿੱਜੀ ਤੋਰ ਤੇ ਅਸਲ ਰਿਕਾਰਡ ਦੀ ਪੜਤਾਲ ਕਰੇ।

ਸਬ ਰਜਿਸਟਰਾਰ
ਖਰੜ
21/6/2019